# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ। ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,(ਮਾਈਕਰੋਸਾਫਟ ਬਿਲਡਿੰਗ) ਫੇਜ਼ 3 ਬੀ-1, ਐਸ.ਏ.ਐਸ. ਨਗਰ।

**www.educationrecruitmentboard.com**

## ਉਮੀਦਵਾਰਾਂ ਲਈ ਹਦਾਇਤਾਂ

ਪੰਜਾਬ ਸਿੱਖਿਆ ਵਿਭਾਗ ਵਲੋਂ **35 ਸੈਟਰ ਹੈਡ ਟੀਚਰ ਅਤੇ 55 ਹੈਡ ਟੀਚਰ ਅਸਾਮੀਆਂ ਦੀ ਭਰਤੀ ਲਈ ਮਿਤੀ 19.08.2021 ਨੂੰ ਵਿਗਿਆਪਨ ਦਿੱਤਾ ਸੀ। ਵਿਗਿਆਪਨ ਦੀ ਸਰਤਾ ਅਨੁਸਾਰ ਇਨ੍ਹਾਂ ਅਸਾਮੀਆ ਦਾ ਮਿਤੀ 31.10.2021 ਨੂੰ ਵਿਭਾਗੀ ਟੈਸਟ ਲੈਣ ਉਪਰੰਤ ਵਿਭਾਗ ਵੱਲੋਂ ਨਤੀਜਾ ਘੋਸਿਤ ਕਰ ਦਿੱਤਾ ਗਿਆ ਹੈ।** ਜਿਹੜੇ ਉਮੀਦਵਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ **ਕਰਨ ਉਪਰੰਤ ਵਿਭਾਗੀ ਟੈਸਟ ਵਿਚ ਭਾਗ ਲਿਆ ਸੀ, ਉਨ੍ਹਾਂ ਨੂੰ** ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਈਕਰੋਸਾਫਟ ਬਿਲਡਿੰਗ ਫੇਜ਼ 3 ਬੀ-1 ਐਸ.ਏ.ਐਸ. ਨਗਰ ਵਿਖੇ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਮਿਤੀ 20.1.2022 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 3.00 ਵਜੇ ਤੱਕ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ।

ਬਿਨੈਕਾਰ ਨਿਰਧਾਰਿਤ ਸਡਿਊਲ ਅਨੁਸਾਰ ਦਸਤਾਵੇਜ਼ਾਂ ਦੀ ਸਕਰੂਟਨੀ ਤੇ ਆਉਣ ਤੋਂ ਪਹਿਲਾਂ ਹੇਠ ਦਰਸਾਏ ਅਨੁਸਾਰ ਪੜਤਾਲ ਫਾਰਮ ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਉਸ ਨੂੰ ਸਾਫ ਸੁੱਥਰਾ ਭਰਨ ਉਪਰੰਤ ਸਰਟੀਫਿਕੇਟਾਂ ਅਤੇ ਪੜਤਾਲ ਫਾਰਮ ਦੀਂ ਇੱਕ Running PDF ਤਿਆਰ ਕਰਕੇ **ਸੀ.ਐਚ.ਟੀ. ਅਤੇ ਐਚ.ਟੀ. ਨਾਲ ਸਬੰਧਤ ਉਮੀਦਵਾਰ** htchtbacklog2021@gmail.com ਤੇ ਈਮੇਲ ਦੇ SUBJECT ਕਾਲਮ ਵਿੱਚ ਆਪਣਾ ਰਜਿਸਟ੍ਰੇਸ਼ਨ ਨੰਬਰ ਅਤੇ ਨਾਮ ਭਰਕੇ ਈਮੇਲ ਕਰੇਗਾ।

1. ਜਨਮ ਮਿਤੀ ਸਬੰਧੀ ਦਸਵੀਂ ਦਾ ਸਰਟੀਫਿਕੇਟ
2. ਪੰਜਾਬੀ ਪਾਸ ਕਰਨ ਦਾ ਸਬੂਤ (ਦਸਵੀਂ ਜਮਾਤ ਜਾਂ ਉਚੇਰੀ ਪੱਧਰ ਤੇ)
3. ਬਾਰਵੀਂ ਜਮਾਤ ਦੀ DMC ਅਤੇ Degree
4. ਗਰੈਜ਼ੂਏਸ਼ਨ ਭਾਗ I, II,III ਦੇ DMC ਅਤੇ ਡਿਗਰੀ।
5. ਈ.ਟੀ.ਟੀ. ਦੀ DMC ਅਤੇ ਡਿਪਲੋਮਾ ਜੇ ਹੈ ਤਾਂ।
6. ਬੀ.ਐਡ.ਦੀ DMC ਅਤੇ ਡਿਗਰੀ ਜੇ ਹੈ ਤਾਂ ।
7. ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ।
8. ਪੰਜਾਬ ਰਾਜ ਵਸਨੀਕ ਹੋਣ ਦਾ ਸਬੂਤ(ਕੇਵਲ ਉਹੀ ਉਮੀਦਵਾਰ ਜਿਨ੍ਹਾਂ ਨੇ ਕਿਸੇ ਰਿਜ਼ਰਵ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।
9. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰਨ ਉਪਰੰਤ) ਜਿਹੜੇ ਉਮੀਦਵਾਰਾਂ ਨੇ ਪੱਛੜੀ ਸ਼੍ਰੇਣੀ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।
10. ਵਿਦਿਅਕ ਯੋਗਤਾ ਸਬੰਧੀ ਸਵੈ-ਘੋਸ਼ਣਾ ਸਬੰਧੀ ਪ੍ਰੋਫਾਰਮਾ।(ਜਿਨ੍ਹਾਂ ਉਮੀਦਵਾਰਾਂ ਨੇ ਪੰਜਾਬ ਰਾਜ ਤੋ ਬਾਹਰਲੇ ਰਾਜਾਂ ਤੋਂ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੈ)
11. **ਤਜਰਬਾ ਸਰਟੀਫਿਕੇਟ** (ਹੇਠਾ ਦਿੱਤੇ ਸਡਿਊਲ ਅਨੁਸਾਰ ਸਬੰਧਤ ਉਮੀਦਵਾਰ ਆਪਣਾ

ਤਜਰਬਾ ਸਰਟੀਫਿਕੇਟ ਸਬੰਧਤ ਬੀ.ਪੀ.ਈ.ਓ. ਅਤੇ ਸਬੰਧਤ ਜਿਲਾ ਸਿੱਖਿਆ ਅਫਸਰ (ਐ.ਸਿ.) ਤੋਂ ਪ੍ਰਤੀ ਹਸਤਾਖਰ ਕਰਵਾਉਣਗੇ। ਇਹ ਸਰਟੀਫਿਕੇਟ ਵਿਭਾਗ ਵੱਲੋਂ ਜਾਰੀ ਪ੍ਰਫਾਰਮੇ (ਜੋ ਕੀ ਵਿਭਾਗ ਵੱਲੋਂ ਆਪਣੀ ਵੈਬਸਾਈਟ ਤੇ ਅਪਲੋਡ ਕੀਤਾ ਹੋਇਆ ਹੈ, ਅਨੁਸਾਰ ਹੀ ਤਿਆਰ ਕਰਵਾਉਣਗੇ)

12. ਪੜਤਾਲ ਫਾਰਮ

ਉਮੀਦਵਾਰ ਦਸਤਾਵੇਜ਼ਾਂ ਦੀ ਸਕਰੂਟਨੀ ਤੇ ਆਉਣ ਸਮੇਂ ਆਪਣੇ ਨਾਲ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕ ਕੀਤੀਆਂ ਫੋਟੋਕਾਪੀਆਂ ਦਾ ਇੱਕ ਸੈਂਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕੀਤਾ ਪੜਤਾਲ ਫਾਰਮ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਉਕਤ ਦਰਸਾਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜ਼ਰ ਹੋਣਗੇ।

ਸਕਰੂਟਨੀ ਲਈ ਸਡਿਊਲ ਹੇਠ ਅਨੁਸਾਰ ਹੈ:-

## ਸੀ.ਐਚ.ਟੀ.

| ਮਿਤੀ | ਕੈਟਾਗਰੀ | | ਕੱਟ ਆਫ ਮੈਰਿਟ |
|---|---|---|---|
| 20.1.2022 | GENERAL | | 106 ਅਤੇ 106 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | SC (R&O) ESM | (SELF) | ALL CANDIDATES |
| | | (DEPENDENT) | 74 ਅਤੇ 74 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | GENERAL (ESM) | (SELF) | ALL CANDIDATES |
| | | (DEPENDENT) | 83 ਅਤੇ 83 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | BC | | 100 ਅਤੇ 100 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | BC (ESM) | | ALL CANDIDATES |
| | GENRAL (SPORTS) | | ALL CANDIDATES |
| | SC (R&O) (SPORTS) | | ALL CANDIDATES |

# ਐਚ.ਟੀ.

| ਮਿਤੀ | ਕੈਟਾਗਰੀ | | ਕੱਟ ਆਫ ਮੈਰਿਟ |
|---|---|---|---|
| 20.1.2022 | SC (M&B) | | 88 ਅਤੇ 88 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | SC (M&B) ESM | | ALL CANDIDATES |
| | GENERAL (ESM) | (SELF) | ALL CANDIDATES |
| | | (DEPENDENT) | 78 ਅਤੇ 78 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | BC (ESM) | | ALL CANDIDATES |
| | GENRAL (SPORTS) | | ALL CANDIDATES |
| | SC (M&B) (SPORTS) | | ALL CANDIDATES |

1. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵਜ਼ਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਵੇਜ਼ਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ਼/ਸਰਟੀਫਿਕੇਟ ਚੈਕ ਕੀਤੇ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ਼ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਅਸਲ ਦਸਤਾਵੇਜ਼, ਦਸਤਾਵੇਜ਼ਾਂ ਦੀ ਸਕਰੂਟਨੀ ਲਈ ਗਠਿਤ ਸਬ-ਕਮੇਟੀਆਂ ਕੋਲੋਂ ਚੈਕ ਕਰਵਾਉਣੇ ਅਤਿ ਜ਼ਰੂਰੀ ਹਨ। ਦਸਤਾਵੇਜ਼ ਚੈਕ ਨਾਂ ਕਰਵਾਉਣ ਦੀ ਸੂਰਤ ਵਿੱਚ ਜਾਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ਼ ਅਧੂਰੇ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ਼/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ F.I.R. ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।

12/01/22

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ, ਐਸ.ਏ.ਐਸ.ਨਗਰ।